ISSN: 2584-0509



# ਸੁਰਜੀਤ ਪਾਤਰ: ਇਕ ਮਾਨਵਵਾਦੀ ਸ਼ਾਇਰ



ਬੇਅੰਤ ਸਿੰਘ ਸਰਾਂ
ਸਹਾਇਕ ਪ੍ਰੋਫੈਸਰ
ਗੁਰੂ ਨਾਨਕ ਦੇਵ
ਯੂਨੀਵਰਸਿਟੀ ਕਾਲਜ
ਚੁੰਘ (ਤਰਨ ਤਾਰਨ)
+91 9464874570

ਸੁਰਜੀਤ ਪਾਤਰ ਪੰਜਾਬੀ ਸ਼ਾਇਰੀ ਦੇ ਖੇਤਰ ਵਿਚ ਪ੍ਰਮੁੱਖ ਹਸਤਾਖ਼ਰ ਹੋਏ ਹਨ। ਸੁਰਜੀਤ ਪਾਤਰ ਨੇ ਪੰਜਾਬੀ ਗ਼ਜ਼ਲ ਨੂੰ ਉਰਦੂ ਦੇ ਪ੍ਰਭਾਵ ਤੋਂ ਮੁਕਤ ਕਰਕੇ ਆਧੁਨਿਕ ਪੰਜਾਬੀ ਗ਼ਜ਼ਲ ਦੀ ਰਚਨਾ ਕੀਤੀ ਅਤੇ ਵੱਖਰੀ ਪਹਿਚਾਣ ਦਵਾਈ ਹੈ। ਉਸਦੇ ਗ਼ਜ਼ਲ ਸੰਗ੍ਰਹਿ ਹਵਾ ਵਿਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਲਫਜ਼ਾਂ ਦੀ ਦਰਗਾਹ, ਹਨੇਰੇ ਵਿਚ ਸੁਲਘਦੀ ਵਰਨਮਾਲਾ, ਪਤਝੜ ਦੀ ਪੰਜੇਬ, ਸੁਰਜ਼ਮੀਨ, ਚੰਨ ਸੂਰਜ ਦੀ ਵਹਿੰਗੀ ਹਨ। ਉਸਦੀ ਗ਼ਜ਼ਲ ਦੇ ਹਰ ਸ਼ਿਅਰ ਪੇਸ਼ ਹੋਈ ਗਹਿਰਾਈ ਅਤੇ ਸੂਖਮਤਾ ਮਨੁੱਖੀ ਮਨ ਨੂੰ ਝੰਜੋੜਦੀ ਹੈ। ਸੁਰਜੀਤ ਪਾਤਰ ਨੂੰ ਭਾਵੇਂ ਵੱਖ ਵੱਖ ਆਲੋਚਕਾਂ ਨੇ ਵੱਖ ਵੱਖ ਵਿਚਾਰਧਰਾਵਾਂ, ਪ੍ਰਵਿਰਤੀਆਂ ਜਿਵੇਂ ਨਕਸਲਵਾਦੀ, ਪ੍ਰਗਤੀਵਾਦੀ, ਪ੍ਰਯੋਗਵਾਦੀ ਆਦਿ ਨਾਲ ਜੋੜ ਕੇ ਵੇਖਿਆ ਹੈ । ਪਰੰਤੂ ਉਸਨੇ ਕਿਸੇ ਇਕ ਲਹਿਰ ਜਾਂ ਵਿਚਾਰਧਾਰਾ ਵਿੱਚ ਬੰਨ ਕੇ ਗੀਤ/ ਗ਼ਜ਼ਲ ਦੀ ਰਚਨਾ ਨਹੀਂ ਕੀਤੀ ਸਗੋਂ ਇਕ ਮਨੁੱਖ ਵਜੋਂ ਮਨੁੱਖਤਾ ਦੀ ਅਵਾਜ ਬਣ ਕੇ ਰਚਨਾ ਕੀਤੀ ਹੈ। "ਜਦੋਂ ਪ੍ਰਗਤੀਵਾਦ ਅੰਤਲੇ ਸਾਹਾਂ ਉਤੇ ਸੀ ਤੇ ਕਵਿਤਾ ਦੇ ਪਿੜ ਵਿਚ ਪ੍ਰਯੋਗਵਾਦੀ, ਅਖਾੜੇ ਦੇ ਪਹਿਲਵਾਨ ਬਣਨ ਲਈ ਲੰਗੋਟੇ ਕਸ ਰਹੇ ਸਨ, ਉਸ ਸਮੇਂ ਪਾਤਰ ਗੀਤ ਗ਼ਜ਼ਲ ਦਾ ਪ੍ਰਵਕਤਾ ਬਣਕੇ ਆਇਆ। ਉਸਨੇ ਦਮ ਤੋੜ ਰਹੀ ਕਵਿਤਾ ਵਿਚ ਲੋਕ ਵਿਸ਼ਵਾਸ ਜਗਾਇਆ ਤੇ ਸੁਰਬੱਧ ਬੋਲਾਂ ਨਾਲ, ਗੀਤਾਂ ਨਾਲ, ਨਜ਼ਾਮ ਦੀ ਕਰੂਪਤਾ ਉਪਰ ਵੀ ਤਿੱਖੇ ਵਾਰ ਕੀਤੇ।"[1]

ਸੁਰਜੀਤ ਪਾਤਰ ਸਮਾਜਿਕ ਪ੍ਰਬੰਧ, ਰਾਜਨੀਤਕ ਯਥਾਰਥ ਦੀ ਕਰੂਰਤਾ, ਔਰਤ ਮਰਦ ਸੰਬੰਧ, ਸਰਮਾਏਦਾਰੀ ਪ੍ਰਬੰਧ, ਭਾਸ਼ਾ, ਪੰਜਾਬ ਸੰਕਟ ਜਿਹੇ ਅਨੇਕਾਂ ਸਰੋਕਾਰਾਂ ਨੂੰ ਆਪਣੀਆਂ ਰਚਨਾਵਾਂ ਦੇ ਕਲਾਵੇ ਵਿਚ ਲੈਂਦਾ ਹੈ। ਲੋਕਾਈ ਦੇ ਹੱਕ ਵਿਚ ਖੜ ਕੇ ਸਿਸਟਮ ਦੀਆਂ ਭੈੜਾਂ/ਕਰੂਰਤਾ ਦਾ ਵਿਰੋਧ ਕਰਦਾ ਹੈ। ਉਹ ਐਮਰਜੈਂਸੀ ਅਤੇ ਪੰਜਾਬ ਸੰਕਟ ਵੇਲੇ ਪੰਜਾਬ ਦੇ ਲੋਕਾਂ ਉਪਰ ਝੁੱਲੀ ਦੁੱਖਾਂ ਦੀ ਹਨੇਰੀ ਨੂੰ ਧੁਰ ਅੰਦਰ ਤੱਕ ਮਹਿਸੂਸ ਕਰਦਾ ਹੈ। ਰਾਜਨੀਤਕ ਨਿਜ਼ਾਮ, ਨਿਆਇਕ ਪ੍ਰਣਾਲੀ ਦੇ ਪਾਜ ਉਘਾੜਦਾ ਹੋਇਆ ਲੋਕਾਂ ਦੇ ਦੁਖਾਂ ਦੀ ਗੱਲ ਕਰਦਾ ਹੈ:

ਇਸ ਅਦਾਲਤ ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ
ਆਖੋ ਇਹਨਾਂ ਨੂੰ ਉੱਜੜੇ ਘਰੀਂ ਜਾਣ ਹੁਣ

ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ।[2]

ਉਹ ਉਲਾਭਾਂ ਵੀ ਦਿੰਦਾ ਹੈ ਅਤੇ ਅਜਿਹੇ ਨਿਜ਼ਾਮ ਦੀ ਇੱਛਾ ਵੀ ਕਰਦਾ ਹੈ ਜਿੱਥੇ ਮਨੁੱਖ ਨੂੰ ਮਨੁੱਖ ਸਮਝਿਆ ਜਾਵੇ, ਕਿਸੇ ਤਰ੍ਹਾਂ ਦਾ ਕਹਿਰ ਨਾ ਢਾਹਿਆ ਜਾਵੇ ਨਾ ਹੀ ਕੋਈ ਬੇਇਨਸਾਫੀ ਕੀਤੀ ਜਾਵੇ :

ਜਿਸ ਚ ਸੂਲੀ ਦਾ ਇੰਤਜਾਮ ਨਹੀਂ
ਯਾਰੋ ਐਸਾ ਕਿਤੇ ਨਜ਼ਾਮ ਨਹੀਂ।[3]

ਸੁਰਜੀਤ ਪਾਤਰ ਆਪਣੀਆਂ ਰਚਨਾਵਾਂ ਵਿਚ ਕਿਰਤੀ ਧਿਰ ਅਤੇ ਸਾਧਨਾਂ ਉਪਰ ਕਾਬਜ਼ ਧਿਰ ਦਾ ਵਿਰੋਧ ਪਰੰਪਰਾਈ ਮੰਨਦੇ ਹਨ ਪਰ ਜਿਹੜਾ ਆਧੁਨਿਕ ਯੁੱਗ ਵਿਚ ਪੂੰਜੀਵਾਦੀ ਨਿਜ਼ਾਮ ਹੋਂਦ ਵਿਚ ਆਉਂਦਾ ਹੈ ਇਹ ਮਨੁੱਖੀ ਭਾਵਨਾਵਾਂ ਤੋਂ ਬਿਲਕੁਲ ਸੱਖਣਾ ਹੈ। ਇਸ ਪ੍ਰਬੰਧ ਵਿਚ ਮਾਲਕ ਤੇ ਮਜ਼ਦੂਰ ਦਾ ਰਿਸ਼ਤਾ ਪਹਿਲਾਂ ਵਾਲਾ ਨਹੀਂ ਰਹਿੰਦਾ, ਜਿਸ ਵਿਚ ਹਮਦਰਦੀ ਤੇ ਮਨੁੱਖੀ ਭਾਵਨਾਵਾਂ ਹੋਣ। ਇਸ ਪ੍ਰਬੰਧ ਵਿਚ ਸਿਰਫ ਮੁਨਾਫ਼ਾ ਹੀ ਪ੍ਰਮੁੱਖਤਾ ਹਾਸਲ ਕਰਦਾ ਹੈ। ਕਿਰਤੀ ਵਰਗ ਆਰਥਿਕ ਅਤੇ ਮਾਨਸਿਕ ਸੋਸ਼ਣ ਦਾ ਸ਼ਿਕਾਰ ਹੁੰਦਾ ਹੋਇਆ ਤ੍ਰਾਸਦੀ ਭੋਗਦਾ ਹੈ। ਪੂੰਜੀਵਾਦੀ ਵਰਗ ਪੂੰਜੀ ਦਾ ਗੁਲਾਮ ਬਣਿਆ ਹੋਇਆ ਮਾਨਵੀ ਗੁਣਾ ( ਸਾਂਝ, ਹਮਦਰਦੀ) ਤੋਂ ਕਿਨਾਰਾ ਕਰ ਜਾਂਦਾ ਹੈ। ਪੂੰਜੀਵਾਦ ਦਾ ਆਗਮਨ ਭਾਰਤ ਵਿਚ ਅੰਗਰੇਜੀ ਰਾਜ ਦੇ ਆਉਣ ਨਾਲ ਹੁੰਦਾ ਹੈ । ਦੇਸ਼ ਦੇ ਅਜਾਦ ਹੋਣ ਤੋਂ ਬਾਅਦ ਵੀ ਇਹ ਪ੍ਰਬੰਧ ਖਤਮ ਨਹੀਂ ਹੁੰਦਾ, ਪਰ ਕੁਝ ਸਮੇਂ ਲਈ ਭਾਰਤੀ ਲੋਕਾਂ ਦੇ ਦਿਲਾਂ ਵਿਚ ਨਵੀਆਂ ਭਾਵਨਾਵਾਂ ਅਤੇ ਚੇਤਨਾ ਅੰਗੜਾਈ ਭਰਦੀ ਹੈ। ਪਰ ਛੇਤੀ ਹੀ ਅਜਾਦੀ ਅਤੇ ਵਿਕਾਸ ਦਾ ਸੁਪਨਾ ਦਮ ਤੋੜ ਦਿੰਦਾ ਹੈ। ਭਾਰਤੀ ਲੋਕਾਂ ਲਈ ਸਿੱਖਿਆ ਦਾ ਪਾਸਾਰ ਅਤੇ ਕੁਦਰਤੀ ਸਾਧਨਾਂ ਦੇ ਵੰਡ ਮੱਧ ਵਰਗ ਦਾ ਮਨੋਬਲ ਵੀ ਚੁੱਕਿਆ ਗਿਆ। ਇਸ ਸੁਪਨੇ ਨੂੰ ਪੰਜਾਬ ਦੀ ਹਰੀ ਕ੍ਰਾਂਤੀ ਨੇ ਵੀ ਹੋਰ ਹੁਲਾਰਾ ਦਿੱਤਾ। ਪਰ ਇਹ ਹੁਲਾਰਾ ਜਿਆਦਾ ਤੋਂ ਜਿਆਦਾ ਦੋ ਦਹਾਕੇ ਤੱਕ ਵੀ ਨਾ ਟਿਕ ਸਕਿਆ। ਇਸ ਸੁਪਨੇ ਦੇ ਟੁੱਟਣ ਪਿੱਛੇ ਕਾਰਜਸ਼ੀਲ ਕਾਰਨ ਨਿੱਜੀਕਰਨ ਅਧਾਰਿਤ ਨੀਤੀਆਂ, ਸਾਧਨਾਂ ਦੀ ਕਾਣੀ ਵੰਡ, ਸਿਆਸੀ ਦਬਾਓ, ਲੋਕ ਵਿਰੋਧੀ ਨੀਤੀਆਂ ਸਨ। ਇਹਨਾਂ ਨੀਤੀਆਂ ਵਿਚ ਹਮੇਸ਼ਾ ਵਾਂਗ ਪੂੰਜੀਵਾਦੀ ਤੇ ਸਿਆਸੀ ਵਰਗ ਹੀ ਉਪਰ ਰਿਹਾ ਤੇ ਪੂੰਜੀ ਦੀ ਗੁਲਾਮੀ ਵਿਚ ਮਾਨਵੀ ਭਾਵਨਾਵਾਂ ਤੋਂ ਸੱਖਣਾ ਰਿਹਾ , ਦੂਜੇ ਪਾਸੇ ਮੱਧ ਵਰਗ, ਕਿਰਤੀ ਵਰਗ ਦੇ

ਦੇਖੇ ਸੁਪਨੇ ਚਕਨਾਚੂਰ ਹੋ ਗਏ। ਸੁਰਜੀਤ ਪਾਤਰ ਇਸ ਪੂੰਜੀਵਾਦੀ ਨਿਜ਼ਾਮ 'ਤੇ ਵਿਅੰਗ ਕਰਦਾ ਹੋਇਆ ਮਾਨਵੀ ਪਰਿਪੇਖ ਤੋਂ ਬਿਆਨ ਕਰਦਾ ਹੈ:

ਨੱਚਣਾ ਤਾਂ ਕੀ ਸੀ ਉਸਨੇ, ਦੋ ਪਲ 'ਚ ਖੁਰ ਗਿਆ,
ਕਣੀਆਂ ਕੀ ਚਾਰ ਡਿੱਗੀਆਂ, ਮਿੱਟੀ ਦੇ ਮੋਰ 'ਤੇ।
ਜ਼ੰਜੀਰ ਹੈ ਜ਼ੰਜੀਰ ਨੂੰ ਝਾਂਜਰ ਨਾ ਸਮਝਣਾ ,
ਹੰਝੂਆਂ ਦੇ ਨਾਲ ਉੱਕਰਿਆ ਸੀ ਬੋਰ ਬੋਰ 'ਤੇ।[4]

ਚਿਹਰਾ ਸੀ ਇਕ ਉਹ ਖੁਰ ਗਿਆ, ਬਾਰਿਸ਼ ਦੇ ਆਉਣ ਨਾਲ
ਦੋ ਹੱਥ ਸੀ ਉਹ ਝੜ ਗਏ, ਪਤਝੜ ਦੀ ਪੌਣ ਨਾਲ।
ਸੂਰਜ ਗਿਆ ਤਾਰੇ ਗਏ ਚਿਹਰੇ ਹਜਾਰ ਚੰਦ
ਕੀ ਕੁੱਝ ਜਮੀਂ ਤੇ ਢਹਿ ਪਿਆ ਬੰਦੇ ਦੀ ਧੌਣ ਨਾਲ।[5]

ਸਦੀਆਂ ਤੋਂ ਆਪਸੀ ਭਾਈਚਾਰੇ ਤੇ ਸਾਂਝ ਵਿਚ ਰਹੇ ਲੋਕਾਂ ਵਿੱਚ ਜਦੋਂ ਸੰਪਰਦਾਇਕਤਾ ਦੀ ਅੱਗ ਫੈਲਦੀ ਹੈ ਤਾਂ ਕਿਸੇ ਧਰਮ, ਜਾਤ ਅਤੇ ਮਜ਼੍ਹਬ ਦੇ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਂਦਾ। ਉਸ ਸਮੇਂ ਇਨਸਾਨ ਹੈਵਾਨ ਦਾ ਰੂਪ ਧਾਰ ਲੈਂਦਾ ਹੈ। ਇਸ ਤਰਾਂ ਪੰਜਾਬ ਦੇ ਲੋਕਾਂ ਨਾਲ ਕਈ ਵਾਰ ਹੋ ਚੁੱਕਿਆ ਹੈ। ਇਹ ਭਾਵੇਂ ਰਾਜਨੀਤਕ ਸਵਾਰਥ ਲਈ ਕੀਤਾ ਗਿਆ ਹੋਵੇ ਭਾਵੇਂ ਧਰਮ ਦੇ ਠੇਕੇਦਾਰਾਂ ਵੱਲੋਂ ਆਪਣੀ ਹੋਂਦ ਬਚਾਉਣ ਲਈ, ਪਰ ਨੁਕਸਾਨ ਮਨੁੱਖਤਾ ਦਾ ਹੀ ਹੁੰਦਾ ਹੈ। 1947 ਦੀ ਵੰਡ ਦਾ ਦੁਖਾਂਤ ਅਜੇ ਤੱਕ ਸਾਡੇ ਬਜ਼ੁਰਗਾਂ ਦੇ ਜਿਹਨ ਵਿਚੋਂ ਭੁੱਲਿਆ ਨਹੀਂ ਸੀ ਤੇ ਫੇਰ ਪੰਜਾਬ ਵਿਚ ਹਿੰਦੂ-ਸਿੱਖ ਸੰਪਰਦਾਇਕਤਾ ਦੀ ਅੱਗ ਉੱਠਣ ਲੱਗੀ ਹੈ। ਇਹ ਸਭ ਦੇਖ ਸੁਰਜੀਤ ਪਾਤਰ ਵਰਗਾ ਕੋਮਲ ਭਾਵੀ ਤੇ ਮਾਨਵਵਾਦੀ ਸ਼ਾਇਰ ਇਸ ਦਰਦ ਨੂੰ ਬਿਆਨ ਕਰਦਾ ਹੋਇਆ ਲਿਖਦਾ ਹੈ ਕਿ:-

ਓਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ
ਹੁਣ ਸ਼ਿਵ ਕੁਮਾਰ ਦੀ ਵਾਰੀ ਏ
ਓਹ ਜਖ਼ਮ ਪੁਰਾਣੇ ਭੁੱਲ ਗਏ
ਨਵਿਆਂ ਦੀ ਜੋ ਫੇਰ ਤਿਆਰੀ ਏ।[6]

ਸੁਰਜੀਤ ਪਾਤਰ ਪੰਜਾਬ ਉਪਰ ਸਮੇਂ ਸਮੇਂ ਪੈਦਾ ਹੋਏ ਸੰਕਟਾਂ ਨੂੰ ਇਕ ਇਤਿਹਾਸਕ ਵਰਤਾਰੇ ਦੀ ਲੜੀ ਵਜੋਂ ਵੇਖਦੇ ਹਨ। ਪੰਜਾਬ ਉਪਰ ਵਾਰ ਵਾਰ ਝੁੱਲੇ ਅਣਮਨੁੱਖੀ

ਝੱਖੜਾਂ ਨੇ ਪੰਜਾਬ ਵਾਸੀਆਂ ਦੇ ਜਿਹਨ ਵਿਚੋਂ ਦਹਿਸ਼ਤੀ ਮਾਹੌਲ ਭੁੱਲਣ ਹੀ ਨਹੀਂ ਦਿੱਤਾ। ਕਦੇ 1947 ਦੀ ਵੰਡ , ਕਦੇ ਖਾੜਕੂਵਾਦ, ਕਦੇ ਸਾਮਰਾਜੀ ਮਸ਼ੀਨਰੀ ਦੀ ਦੁਰਵਰਤੋਂ ਨਾਲ ਪੰਜਾਬ ਵਾਸੀਆਂ ਨਾਲ ਵਿਤਕਰਾ ਤੇ ਖਿਲਵਾੜ ਹੁੰਦਾ ਆਇਆ ਹੈ। ਇਸ ਤਰ੍ਹਾਂ ਭਾਰਤ ਪਾਕਿਸਤਾਨ ਦੀ ਵੰਡ ਤੋਂ ਬਾਅਦ ਪੰਜਾਬ ਸਿਆਸੀ ਖੇਡ ਦਾ ਅਖਾੜਾ ਬਣਿਆ ਰਿਹਾ ਹੈ। ਦਹਿਸ਼ਤ ਦੇ ਦੌਰ ਵਿੱਚ ਪੰਜਾਬ ਦੀ ਆਰਥਿਕਤਾ, ਸਾਂਝੀਵਾਲਤਾ, ਸਰਬੱਤ ਦੇ ਭਲੇ ਵਾਲੀ ਦਿੱਖ ਨੂੰ ਫਿਰ ਤੋਂ ਸੱਟ ਵੱਜੀ। ਪੰਜਾਬ ਦੇ ਨੌਜਵਾਨਾਂ , ਬਜ਼ੁਰਗਾਂ, ਔਰਤਾਂ ਸਭ ਨੇ ਇਕ ਵਾਰ ਫਿਰ ਗਹਿਰੇ ਜਖ਼ਮ ਅਪਣੇ ਪਿੰਡੇ ਅਤੇ ਮਾਨਸਿਕਤਾ ਉੱਤੇ ਹੰਢਾਏ। ਸੁਰਜੀਤ ਪਾਤਰ ਨੇ ਅਜਿਹੇ ਹਰ ਦਿਨ ਹੁੰਦੇ ਗਹਿਰੇ ਸੰਕਟ ਅਤੇ ਮਨੁੱਖਤਾ ਨਾਲ ਵਾਪਰ ਰਹੇ ਅਣਮਨੁੱਖੀ ਦਰਦਾਂ ਦਾ ਡੂੰਘਾਈ ਨਾਲ ਬਿਆਨ ਕੀਤਾ ਹੈ:

ਕਦੇ ਤੇਗ ਦੇ ਘਾਟ ਉਤਾਰਿਆ ਏ
ਕਦੇ ਸੂਲੀ ਉਪਰ ਚਾੜ੍ਹਿਆ ਏ
ਕਦੇ ਖੰਜਰ ਸੀਨੇ ਮਾਰਿਆ ਏ
ਮੈਨੂੰ ਸੌ ਸੌ ਵਾਰੀ ਮਾਰੇ ਨੂੰ
ਫਿਰ ਟੋਲ ਰਹੇ ਨੇ ਹਤਿਆਰੇ।[7]

ਸੁਰਜੀਤ ਪਾਤਰ ਆਪਣੀਆਂ ਰਚਨਾਵਾਂ ਰਾਹੀਂ ਆਧੁਨਿਕ ਮਨੁੱਖ ਦੀ ਚੇਤਨਾ ਨੂੰ ਵੀ ਫੜਦਾ ਹੈ। ਆਧੁਨਿਕ ਮਨੁੱਖ ਅਪਣੇ ਆਪੇ ਨਾਲੋ਼ ਟੁੱਟ ਰਿਹਾ ਹੈ, ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਅਸਤਿੱਤਵ ਵਿਹੂਣਾ ਹੋ ਰਿਹਾ, ਇਕ ਬੁੱਤ ਬਣ ਕੇ ਨਿਤਾਣਾ ਹੋ ਗਿਆ ਹੈ। ਅਜਿਹੀ ਹਾਲਤ ਵਿੱਚ ਜ਼ਿੰਦਗੀ ਦੀ ਭੱਜ ਦੌੜ ਨਾਲ ਮਨੁੱਖ ਦੇ ਖੰਡਿਤ ਹੋ ਰਹੇ ਵਿਅਕਤੀਤਵ ਨੂੰ ਆਧੁਨਿਕ ਬੋਧ ਨਾਲ ਜੋੜ ਕੇ ਪੇਸ਼ ਕੀਤਾ ਹੈ। ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਅਤੇ ਪੂੰਜੀਵਾਦੀ ਯੁੱਗ ਵਿਚ ਮਾਨਵੀ ਰਿਸ਼ਤਿਆਂ ਦੀ ਅਸਥਿਰਤਾ ਤੇ ਮਨੁੱਖੀ ਹੋਂਦ ਦੀ ਮਹੱਤਤਾ ਬਾਰੇ ਚੇਤੰਨ ਕਰਦਾ ਹੋਇਆ ਪਾਤਰ ਬੜੀ ਗਹਿਰਾਈ ਨਾਲ ਲਿਖਦਾ ਹੈ:

ਅਸੀਂ ਚੇਤਨਾ ਦੀਆਂ ਜੰਗਾਲੀਆਂ ਘੜੀਆਂ ਹਾਂ
ਵਕਤ ਦੇ ਕਿਸੇ ਹਿੰਦਸੇ 'ਤੇ
ਬਸ ਐਵੇਂ ਹੀ ਖੜੀਆਂ ਹਾਂ।[8]

ਸੁਰਜੀਤ ਪਾਤਰ ਨੇ ਕਲਾ ਦੇ ਪੱਖ ਤੋਂ ਵੀ ਮਾਨਵੀ ਹੋਣੀ ਨੂੰ ਉਦਾਸੀ, ਸੁਹਜਮਈ, ਖਾਮੋਸ਼ੀ, ਸੰਗੀਤਕ, ਪ੍ਰਗੀਤਕ ਸਿਰਜਣਾ ਰਾਹੀਂ ਲੈਅਬੱਧ ਕੀਤਾ ਹੈ। ਉਸਦੀ ਛਾਪ ਉਸਦੀ ਰਚਨਾ ਉਪਰ ਸਪੱਸ਼ਟ ਦਿਖਾਈ ਦਿੰਦੀ ਹੈ। "ਪਾਤਰ ਆਪਣੀ ਡੂੰਘੀ ਮਾਨਵਵਾਦੀ ਬਿਰਤੀ, ਸੋਗੀ ਸੁਰ, ਪ੍ਰਗੀਤਕ ਧੂਹ ਅਤੇ ਨਵੇਂ ਨਕੋਰ ਤਰਕ ਵਿਤਰਕ ਸਿਰਜਣ ਪੱਖੋਂ ਸਿਰਮੌਰ ਸ਼ਾਇਰ ਹੈ।"[9]

ਵਿਸ਼ਵੀਕਰਨ ਤੇ ਪੂੰਜੀਵਾਦੀ ਯੁੱਗ ਵਿਚ ਮਨੁੱਖੀ ਕਦਰਾਂ-ਕੀਮਤਾਂ ਬਦਲ ਰਹੀਆਂ ਹਨ। ਪੈਸੇ ਦੀ ਹੋੜ ਵਿਚ ਮਨੁੱਖ ਹਰ ਇਕ ਰਿਸ਼ਤਾ-ਨਾਤਾ, ਮੇਲ-ਮਿਲਾਪ, ਕਦਰਾਂ-ਕੀਮਤਾਂ ਭੁੱਲਦਾ ਜਾ ਰਿਹਾ ਹੈ। ਇਥੇ ਭਾਸ਼ਾ ਨੂੰ ਵੀ ਖਤਰਾ ਖੜ੍ਹਾ ਹੋ ਗਿਆ ਹੈ। ਪੰਜਾਬੀ ਬੱਚੇ ਅਤੇ ਨੌਜਵਾਨ ਪੀੜ੍ਹੀ ਪੰਜਾਬੀ ਭਾਸ਼ਾ ਨੂੰ ਛੱਡ ਕੇ ਅੰਗਰੇਜੀ ਬੋਲਣ ਵਿਚ ਮਾਣ ਮਹਿਸੂਸ ਕਰਦੇ ਹਨ। ਸੁਰਜੀਤ ਪਾਤਰ ਵਰਗੇ ਸ਼ਾਇਰ ਨੂੰ ਇਹ ਚਿੰਤਾ ਹੋਣੀ ਸੁਭਾਵਿਕ ਸੀ। ਮਨੁੱਖਤਾ ਦਾ ਮੁੱਦਈ ਇਹ ਸ਼ਾਇਰ ਚਿੰਤਾ ਵੀ ਪ੍ਰਗਟ ਕਰਦਾ ਹੈ ਅਤੇ ਤਸੱਲੀ ਵੀ ਦਿੰਦਾ ਹੈ ਕਿ ਕੁਝ ਸ਼ਬਦਾਂ ਦੇ ਮਰਨ ਨਾਲ ਭਾਸ਼ਾ ਨਹੀਂ ਮਰਦੀ :

ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ ਸ਼ਬਦ
ਮਰ ਰਹੀ ਹੈ ਮੇਰੀ ਭਾਸ਼ਾ ਵਾਕ ਵਾਕ।
.......
ਕੁਝ ਸ਼ਬਦਾਂ ਦੇ ਮਰਨ ਨਾਲ ਨਹੀਂ ਮਰਦੀ ਹੁੰਦੀ ਕੋਈ ਭਾਸ਼ਾ
ਤੇ ਸ਼ਬਦ ਕਦੇ ਮਰਦੇ ਵੀ ਨਹੀਂ
ਮਰ ਵੀ ਜਾਣ ਤਾਂ
ਆਉਂਦੇ ਜਾਂਦੇ ਰਹਿੰਦੇ ਨੇ ਪਰਲੋਕ ਵਿੱਚ
ਬੰਦਿਆਂ ਦੇ ਪਰਲੋਕ ਨਾਲੋਂ ਵੱਖਰਾ ਹੁੰਦਾ ਹੈ
ਸ਼ਬਦਾਂ ਦਾ ਪਰਲੋਕ।[10]

ਆਧੁਨਿਕ ਯੁੱਗ ਵਿਚ ਬੇਰੁਜਗਾਰੀ ਬਹੁਤ ਵੱਧ ਰਹੀ ਹੈ। ਆਮ ਵਿਅਕਤੀ ਲਈ ਰਿਜ਼ਕ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਹੈ। ਸੁਰਜੀਤ ਪਾਤਰ ਲਈ ਭਾਵੇਂ ਬਿਹਾਰ ਤੋਂ ਪਰਵਾਸ ਕਰਕੇ ਪੰਜਾਬ ਰਿਜ਼ਕ ਲਈ ਆਇਆ ਨੰਦ ਕਿਸ਼ੋਰ ਹੋਵੇ, ਭਾਵੇਂ ਪੰਜਾਬ ਤੋਂ ਪਰਵਾਸ ਕਰਕੇ ਪੱਛਮੀ ਮੁਲਕਾਂ ਨੂੰ ਜਾਂਦੇ ਪੰਜਾਬੀ ਨੌਜਵਾਨ ਹੋਣ, ਸਭ ਬਰਾਬਰ ਹਨ। ਸਾਰਿਆਂ ਦੇ ਰਿਜ਼ਕ, ਇੱਛਾਵਾਂ, ਭਾਸ਼ਾ ਆਦਿ ਆਰਥਿਕ ਪੱਖ ਤੋਂ ਸਾਂਝੇ ਹਨ। ਪੰਜਾਬੀ

ਵਿਦੇਸ਼ਾਂ ਵਿਚ ਰਿਜ਼ਕ ਕਮਾਉਣ ਜਾਂਦੇ ਹਨ ਤਾਂ ਆਪਣੀ ਭਾਸ਼ਾ ਛੱਡ ਕੇ ਓਥੋਂ ਦੀ ਭਾਸ਼ਾ ਬੋਲਦੇ ਹਨ ਅਤੇ ਬਿਹਾਰ ਵਰਗੇ ਸੂਬੇ ਤੋਂ ਰਿਜ਼ਕ ਲਈ ਪੰਜਾਬ ਆਏ ਮਜ਼ਦੂਰ ਇਥੇ ਪੰਜਾਬੀ ਸਿੱਖਦੇ, ਬੋਲਦੇ, ਪੜ੍ਹਦੇ ਹਨ। ਸੁਰਜੀਤ ਪਾਤਰ ਇਹਨਾਂ ਦੋਹਾਂ ਸਥਿਤੀਆਂ ਨੂੰ ਮਾਨਵਵਾਦੀ ਨਜ਼ਰੀਏ ਤੋ ਦੇਖਦਾ ਹੋਇਆ ਬਰਾਬਰ ਤਵੱਜੋਂ ਦਿੰਦਾ ਹੈ:

ਪਿੱਛੇ ਪਿੱਛੇ ਰਿਜ਼ਕ ਦੇ ਆਇਆ ਨੰਦ ਕਿਸ਼ੋਰ
ਚੱਲ ਕੇ ਦੂਰ ਬਿਹਾਰ ਤੋਂ ਗੱਡੀ ਬੈਠ ਸਿਆਲਦਾ ਨਾਲ ਬਥੇਰੇ ਹੋਰ।
.............
ਕੱਲ ਮੈਂ ਦੇਖੀਂ ਮਾਧੁਰੀ, ਉਸੇ ਪਿੰਡ ਸਕੂਲ ਵਿਚ
ਗੁੱਤਾਂ ਬੰਨ ਕੇ ਰਿਬਨ ਵਿੱਚ
ਸੋਹਣੀ ਪੱਟੀ ਪੋਚ ਕੇ ਊੜਾ ਐੜਾ ਲਿਖ ਰਹੀ
ਊੜਾ ਐੜਾ ਲਿਖ ਰਹੀ ਬੇਟੀ ਨੰਦ ਕਿਸ਼ੋਰ ਦੀ
ਕਿੰਨਾ ਗੂੜ੍ਹਾ ਸਾਕ ਹੈ ਅੱਖਰਾਂ ਦਾ ਤੇ ਰਿਜ਼ਕ ਦਾ
ਏਸੇ ਪਿੰਡ ਦੇ ਲਾਡਲੇ ਪੋਤੇ ਅੱਛਰ ਸਿੰਘ ਦੇ
ਅਪਣੇ ਪਿਓ ਦੀ ਕਾਰ ਵਿਚ ਬਹਿ ਲੁਧਿਆਣੇ ਆਂਵਦੇ
ਕਾਨਵੇਂਟ ਵਿੱਚ ਪੜ ਰਹੇ ਏ ਬੀ ਸੀ ਡੀ ਸਿੱਖਦੇ
ਏ ਬੀ ਸੀ ਡੀ ਸਿੱਖਦੇ ਪੋਤੇ ਅੱਛਰ ਸਿੰਘ ਦੇ
ਕਿੰਨਾ ਗੂੜ੍ਹਾ ਸਾਕ ਹੈ ਅੱਖਰ ਤੇ ਅਕਾਂਖਿਆ ਦਾ।[11]

ਸੁਰਜੀਤ ਪਾਤਰ ਆਪਣੇ ਮਾਨਵਵਾਦੀ ਨਜ਼ਰੀਏ ਤੋਂ ਜਦੋਂ ਮਨੁੱਖ/ਨਾਇਕ ਨੂੰ ਕਵਿਤਾ ਵਿਚ ਪੇਸ਼ ਕਰਦਾ ਹੈ ਤਾਂ ਉਹ ਅਸਧਾਰਨ ਜਾਂ ਯਥਾਰਥ ਤੋਂ ਪਰੇ ਦੀ ਗੱਲ ਨਹੀਂ ਕਰਦਾ। ਉਸਦਾ ਨਾਇਕ ਆਪਣੇ ਆਪੇ ਨੂੰ ਨਿਰਾਸ਼ਾ ਵਿਚ ਅਰਥਹੀਣ ਮਹਿਸੂਸ ਕਰਦਾ ਵੀ ਦਿਖਾਈ ਦਿੰਦਾ ਹੈ। ਅਜਿਹੀ ਹਾਲਤ ਵਿਚ ਮਨੁੱਖ ਆਪਣੀ ਜ਼ਿੰਦਗੀ ਨੂੰ ਰਸਹੀਣ , ਅਪੂਰਨ, ਬੇਤੁਕੀ ਸਮਝਦਾ ਹੋਇਆ ਸਮਾਜ ਵਿਚਲੀਆਂ ਘਟਨਾਵਾਂ ਤੋਂ ਅਣਜਾਣ ਰਹਿੰਦਾ ਹੈ। ਸੁਰਜੀਤ ਪਾਤਰ ਦੀ ਖਾਸੀਅਤ ਹੈ ਕਿ ਉਸਦੀ ਕਵਿਤਾ ਪ੍ਰੋ: ਮੋਹਨ ਸਿੰਘ, ਬਾਵਾ ਬਲਵੰਤ, ਜਗਤਾਰ ਵਾਂਗ ਯਥਾਰਥ ਤੋਂ ਪਰੇ ਅਸਧਾਰਨ ਮਨੁੱਖ ਨੂੰ ਨਹੀਂ ਸਿਰਜਦੀ, ਬਲਕਿ ਸੱਚ ਮੁੱਚ ਆਪਣਾ ਆਪਾ ਤਲਾਸ਼ਦੇ ਮਨੁੱਖ ਨੂੰ ਸਿਰਜਦੀ ਹੈ:

ਮੈਂ ਰੇਤ ਵਿਚ ਪੋਟਾ ਪੋਟਾ ਗੁੰਮ ਰਿਹਾ ਹਾਂ
ਆਖ਼ਰ ਇਕ ਦਿਨ ਰੇਤ ਵਿਚ ਚਿਣਿਆ ਜਾਵਾਂਗਾ
ਰੇਤ ਵਿਚ ਚਿਣਿਆ ਪੁੱਤਰਾਂ ਨੂੰ
ਸਾਹਿਬਜ਼ਾਦੇ ਕੌਣ ਆਖੇਗਾ।[12]

ਅਪਣੇ ਆਪੇ ਨੂੰ ਤਲਾਸ਼ਦਾ ਮਨੁੱਖ ਆਸ਼ਾ ਤੇ ਨਿਰਾਸ਼ਾ ਵਿੱਚ ਉਲਝ ਕੇ ਮਾਨਸਿਕ ਅਸੰਤੁਲਨ ਦਾ ਸ਼ਿਕਾਰ ਹੋ ਜਾਂਦਾ ਹੈ। ਸੁਰਜੀਤ ਪਾਤਰ ਦੀ ਡੂੰਘੀ ਮਾਨਵਵਾਦੀ ਨੀਝ ਆਪਣੀ ਕਵਿਤਾ ਰਾਹੀਂ ਅਜਿਹੇ ਮਨੁੱਖ ਦੀ ਕਰੁਣਾ ਅਤੇ ਨਿਰਾਸ਼ਾ ਨੂੰ ਪਤ੍ਰਦੀ ਹੈ ਅਤੇ ਉਸਦੇ ਅੰਤਰਮਨ ਨੂੰ ਫੜਨ ਵਿਚ ਕਾਮਯਾਬ ਹੁੰਦੀ ਹੈ। ਉਹ ਨਿਰਾਸ਼ਾ ਵਿਚ ਡੁੱਬੇ ਮਨੁੱਖ ਨੂੰ ਇਸ ਤ੍ਰਾਸਦੀ ਵਿਚੋਂ ਕੱਢ ਕੇ ਆਸ ਦੀ ਕਿਰਨ ਜਗਾ ਕੇ ਚੰਗੇ ਭਵਿੱਖ ਲਈ ਦ੍ਰਿੜ ਵਿਸ਼ਵਾਸ ਜਗਾਉਂਦਾ ਹੈ:

ਇਸ ਸ਼ਾਮ ਜਹਾਜਾਂ ਵਾਂਗੂੰ ਡੁੱਬ ਰਹੇ ਹਾਂ
ਸੂਰਜ ਵਾਂਗ ਉਦੈ ਹੋਵਾਂਗੇ ਭਲਕੇ।

ਪੈ ਚੱਲੀਆਂ ਤੇਰੇ ਚਿਹਰੇ 'ਤੇ ਤਰਕਾਲਾਂ
ਪਰ ਵਾਲਾਂ ਵਿਚ ਕੋਈ ਰਿਸ਼ਮ ਸੁਬਹ ਦੀ ਡਲਕੇ।[13]

ਸੋ ਸੁਰਜੀਤ ਪਾਤਰ ਨੇ ਆਪਣੀਆਂ ਕਾਵਿ ਰਚਨਾਵਾਂ ਵਿਚ ਅਨੇਕਾਂ ਸਰੋਕਾਰਾਂ ਨੂੰ ਬੜੇ ਸੁਹਜ, ਸਹਿਜ ਅਤੇ ਗੰਭੀਰਤਾ ਨਾਲ ਪੇਸ਼ ਕੀਤਾ ਹੈ। ਉਸ ਨੇ ਇਕ ਲੋਕ ਕਵੀ ਵਜੋਂ ਸਮਾਜਿਕ , ਰਾਜਨੀਤਕ, ਸਰਮਾਏਦਾਰੀ ਢਾਂਚੇ ਅਤੇ ਪੰਜਾਬ ਸੰਕਟ ਜਿਹੇ ਮਸਲਿਆ ਉਪਰ ਨਿਧੜਕ ਹੋ ਕੇ ਲਿਖਿਆ ਹੈ। ਉਹ ਲੋਕਧਾਰਾਈ, ਇਤਿਹਾਸਿਕ, ਮਿਥਹਾਸਕ ਹਵਾਲਿਆਂ ਦੀ ਵਰਤੋਂ ਕਰਦਾ ਹੋਇਆ ਵੀ ਆਧੁਨਿਕ ਯੁੱਗ ਚੇਤਨਾ ਨੂੰ ਫੜਦਾ ਹੋਇਆ ਲੋਕ ਚੇਤਨਾ ਨੂੰ ਝੰਜੋੜਨ ਵਾਲੇ ਮਾਨਵਵਾਦੀ ਸ਼ਾਇਰ ਵਜੋਂ ਸਥਾਪਿਤ ਹੁੰਦਾ ਹੈ।

## ਹਵਾਲੇ

1. ਡਾ. ਗੁਰਚਰਨ ਸਿੰਘ ਔਲਖ, ਸੁਰਜੀਤ ਪਾਤਰ ਦਾ ਕਾਵਿ ਸੰਸਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2002, ਪੰਨਾ 41
2. ਸੁਰਜੀਤ ਪਾਤਰ, ਹਵਾ ਵਿਚ ਲਿਖੇ ਹਰਫ਼, ਲਾਹੌਰ ਬੁੱਕ ਸ਼ਾਪ ਲੁਧਿਆਣਾ, 2011, ਪੰਨਾ 29

3. ਓਹੀ, ਪੰਨਾ 27
4. ਓਹੀ, ਪੰਨਾ 36
5. ਓਹੀ, ਪੰਨਾ 24
6. ਓਹੀ, ਬਿਰਖ ਅਰਜ਼ ਕਰੇ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ 89
7. ਓਹੀ, ਲਫਜ਼ਾਂ ਦੀ ਦਰਗਾਹ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ,2010, ਪੰਨਾ 40
8. ਓਹੀ, ਹਨੇਰੇ ਵਿਚ ਸੁਲਘਦੀ ਵਰਨਮਾਲਾ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ,2008, ਪੰਨਾ 88
9. ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2000, ਪੰਨਾ 96
10. ਡਾ. ਦਰਿਆ, ਡਾ. ਮਨਜਿੰਦਰ ਸਿੰਘ (ਸੰਪਾ:), ਕਾਵਿ ਰੰਗ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 2020, ਪੰਨਾ 110

11.ਸੁਰਜੀਤ ਪਾਤਰ, ਲਫ਼ਜ਼ਾਂ ਦੀ ਦਰਗਾਹ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ,2010, ਪੰਨਾ 76

11. ਓਹੀ, ਹਨੇਰੇ ਵਿਚ ਸੁਲਘਦੀ ਵਰਨਮਾਲਾ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ,2008, ਪੰਨਾ 29

13.ਓਹੀ, ਹਵਾ ਵਿਚ ਲਿਖੇ ਹਰਫ਼, ਲਾਹੌਰ ਬੁੱਕ ਸ਼ਾਪ ਲੁਧਿਆਣਾ, 2011, ਪੰਨਾ 23